CHIEF MINISTER's OFFICE, PUNJAB

# CAPT AMARINDER ANNOUNCES LOCKDOWN EXTENSION IN PUNJAB TILL JUNE 30, WITH STRICT ADHERENCE TO HEALTH NORMS

- **MORE RELAXATIONS TO BE ANNOUNCED AFTER CENTRE ISSUES GUIDELINES FOR LOCKDOWN 5.0**
- **AMID CONCERNS OF COMMUNITY SREAD, ORDERS FOOD DEPT TO INCLUDE MASKS IN RATION KIT FOR POOR**
- **SAYS PUNJAB SET TO LAUNCH HOME SURVEILLANCE & COVID FOOT SOLDIERS APP TO STRENGTHEN TRACING/TRACKING**

Chandigarh, May 30

Punjab Chief Minister Captain Amarinder Singh on Saturday announced a 4-week extension in the lockdown in Punjab, till June 30, with certain more relaxations, subject to the guidelines of the central government.

Though experts have advised against opening of the hospitality industry and malls, the Chief Minister said the state would take into account the central government guidelines for Lockdown 5.0.

The Chief Minister announced his decision after an on-ground assessment of the Covid situation through a Video Conference with health experts, along with top officials and Cabinet Ministers Bharat Bhushan Ashu, Balbir Singh Sidhu and Tript Singh Bajwa. The move is also in line with the central government's decision to extend the national lockdown beyond May 31.

Captain Amarinder later said during his weekly Facebook Live session that the threat of Covid was not over yet, and if necessary, he would continue to take tough measures to save the lives of Punjabis. Underlining the need to continue to exercise extreme caution, he lauded the citizens for following all health norms to help the state government in controlling the pandemic spread to a great extent.

Making it clear that the extension of the lockdown in Punjab would be conditional to strict adherence to Covid safety protocols, including physical distancing and wearing of masks, the Chief Minister also ordered distribution of free masks to the poor. He directed Food & Civil Supplies Minister Bharat Bhushan Ashu to ensure immediate steps for the distribution of masks as part of ration kids to the needy and poor, who could not afford to purchase them. DGP Dinkar Gupta told the review Video Conference that wearing of masks was being strictly enforces across districts, with more than Rs 1 crore collected so far in fine from the offenders.

The Chief Minister sought an update during the meeting on the state government's plans for launch of home surveillance and Covid Foot Soldiers deployment to track and trace infections. He was informed by Anurag Agarwal, Principal Secretary (Health & Family Welfare) that both would be launched over the next couple of days. Asha workers and other local women from the community were being hired to undertake home to home surveillance across districts, and they would be paid Rs 2 per head in every household surveyed, he said. As for the tracing and tracking of symptomatic cases who were not reporting to the health authorities, an app was currently being field-tested and would launched in 2-3 days. Youngsters would be asked to download the app to voluntarily report on such cases, said Agarwal, adding that mandatory OTP verification of these Covid Foot Soldiers would be ensured to check false reporting.

The Chief Minister later, in his FB session, said non-reporting to health authorities by those returning to the state, especially from abroad, was a big challenge, as it complicated their contact tracing and endangered the lives of others. He revealed that 9560 of such people had been traced and tested, and some positive cases had been found among these. Though there was an overall decline in the daily cases, and of the 2158 positive cases so far, 1946 had recovered fully, the new cases that had emerged in the last few days was a matter of concern, he added, appealing to people to report any instance of returnees someone jumping medical checking by the state government.

Chief Secretary Karan Avtar Singh apprised the Chief Minister during the VC of the screening/testing being done at airports and railway stations to check the spread of the Covid in view of the large influx of people coming from other states. While all entrants to the state were being screened, and had to undergo 14-day mandatory home quarantine, testing facilities had also been installed to undertake random testing at the airports and stations, he added. Those who could not

download COVA app would have to fill in declaration forms on the trains, and submit the same at the stations, he said.

Underscoring the need to strictly adhere to all health norms, Captain Amarinder said in his FB session that 36,820 people have been fined for not wearing masks and 4032 persons for spitting in public in just 11 days from May 17 till May 28. As many as 6061 persons had been fined for not wearing masks in just the last 24 hours, he said, adding that 503 FIRs had been registered in this period for violation of rules.

Expressing his concern about possible community spread in his reply to another query, he said this is the threat we face now and he would keep this fact in mind while deciding about relaxations. Referring to cases in Amritsar, in reply to another query by a resident, he said out of 7 cases reported yesterday, six were contact cases.

Regarding rapid testing kits, Captain Amarinder said those received by the state from China and South Korea had to be returned as they were defective.

More flights are resuming, with three flights daily from Dubai, the Chief Minister said in reply to a Dubai resident seeking to come to Chandigarh. Normal flights had not yet resumed, he said, asking the questioner to get in touch with the Consulate Office.

We have not stopped private buses in villages to operate, but the decision was up to private operators, he told a questioner.

On the crackdown on spurious liquor during lockdown, the Chief Minister said 97 bhattas had been sealed, with 1,729 FIRs registered and 1360 persons arrested. The government was also taking stern action against those trying to smuggle liquor into Punjab, he added.

The Chief Minister expressed his appreciation for farmers for another bumper crop year, saying that around Rs 23,000 Crore had been infused in the rural economy due to the procurement of 128 LMTs wheat.

On the locust threat, the Chief Minister said all arrangements had been put in place in seven districts bordering Rajasthan and Haryana.

On a complaint by a Ludhiana resident about violation of government instructions by schools, he asked the DC to take strict action against such schools.

Responding to a question, the Chief Minister said he was happy to note that 85% of the state’s industry had already started operations with 65% of labour engaged in it. The government was facilitating many multinational IT firms, including Quark, to set base in Mohali and many more would come to Punjab as the situation improves, he said in reply to another query.

To a question regarding the Centre’s conditions for availing additional debt, the Chief Minister said that in a federal structure, a state is responsible for ensuring the economic growth of its people. “We are custodians of our people's financial needs,” he said, asserting that the Centre would have to remove these conditionalities in the spirit of federalism.

---------------------

No.I/29169/2020

Information & Public Relations Department, Punjab

**Tobacco use is a major threat to public health globally & working as spreader tool of Corona Virus: Balbir Singh Sidhu**

Chandigarh, May 30:

“Tobacco use is a major threat to public health globally and working as spreader tool to increase the chances of infection of corona virus among the populations. Smokeless tobacco users first of all are prone to deadly diseases and early death, and secondly users have a tendency to spit in public places, and therefore it increases health risks especially by spreading infectious and contagious diseases such as COVID-19. It was disclosed by the Health Minister Mr. Balbir Singh Sidhu on the occasion of World No Tobacco Day.

The Minister said that the use of smokeless tobacco also creates an unhygienic environment which further spreads the diseases. He appealed to all the citizens

of the Punjab, not to spit and use tobacco in public places because it also spreads other infectious diseases including COVID-19 & Tuberculosis. Now Rs. 500 penalty will be imposed for spitting in public places.

Mr. Sidhu said that Punjab Government has launched a statewide awareness campaign to highlight the deadly harms of smokeless tobacco use and motivate people to quit especially amidst corona virus outbreak. The evidence-based campaign includes the launch of a pretested Public Service Announcement (PSA) entitled “I Don’t Believe”, which focuses on the health harms that smokeless tobacco users are prone to, and are at a heightened risk for cancer compared to non-users. These cancers can form within five years of regular use. The campaign has been designed and developed with the technical support of Vital Strategies, a global public health organization.

Underlining the features of statewide awareness campaign, he further said that the 30-second long PSA shows a smokeless tobacco user initially refusing to believe in the health harms caused by tobacco use. Eventually, he is diagnosed with oral cancer and subsequently dies from the disease. Towards the end, the PSA encourages people to quit tobacco use to fight the ongoing COVID pandemic and call the national quit line number (1800-11-2356) or the missed call number (011-22901701) in case they need help to quit smoking. “The Govt. of Punjab has banned smoking /spitting tobacco in public places under section 268, 269 & 278 of Indian Penal code, 1860” he added.

Dr. Nandita Murukutla, Vice President, Global Policy and Research, Policy, Advocacy and Communication, Vital Strategies, said “Hard-hitting mass media campaigns are a powerful tool in tobacco control. We commend the state’s health department on the timely launch of ‘I Don’t Believe’ and promoting the campaign widely across Punjab. By showing the deadly health harms of tobacco use, the

campaign will encourage current smokeless tobacco users to quit and deter potential users from starting in the first place."

----

Additional information on tobacco control efforts in Punjab:

The state of Punjab is implementing the Cigarettes and Other Tobacco Products (Prohibition of Advertisement and Regulation of Trade and Commerce, Production, Supply and distribution) Act, 2003 and Rules. The following are some of the major steps taken so far.

- Challans under COTPA, 2003: Total 21,446 (2019- 20) & 23,886 Challans (2018-19) have been issued against the violators in the State under Cigarette and Other Tobacco Products Act, (COTPA) 2003 in the last two years.

- Tobacco cessation centers: Tobacco cessation centers have been established in all the districts of the state. Free cessation medicines such as Tab Bupropion, Nicotine gums and patches are being provided in these centers. A total of 20,239 tobacco users have received services at these centers between 2019-20.

- Ban on smokeless tobacco, pan masala and spitting during COVID 19 pandemic: 12 districts have prohibited the production, manufacture, import, export, transport, sale, distribution, storage, advertisement and use of smokeless tobacco, pan masala and similar products which induce or encourage spitting or its use and spread of dangerous and epidemic disease under Section 144 of CrPC Act, 1973.

- Ban on E-cigarettes: Punjab was the first state to declare E -Cigarettes as an unapproved drug in 2013 under Drugs & Cosmetics Act. The verdict from two court cases in districts Mohali (Fine 1 lakh & 3 year imprisonment) and Sangrur (Fine Rs 55,000 & 3 year imprisonment) have penalized sellers of E-cigarettes under the Drug and Cosmetic Act.

- Permanent ban on Hookah bars: A bill proposed by the Hon'ble Health Minister of Punjab to permanently ban Hookah/Hookah bars in the state has been passed by the legislative assembly and approved by The President of India (Notification dated 18th Sept 2018)

- Tobacco free villages: In the state, a total of 739 villages have declared themselves tobacco free villages by passing the resolution

NO. I/29134/2020

------------------

Information and Public Relations Department, Punjab

## PUNJAB GHAR GHAR ROZGAR AND KAROBAR MISSION STARTS ONLINE SERVICES FOR JOB SEEKERS AND EMPLOYERS: CHANNI

- **DISTRICT BUREAUS CREATES WEB LINKS FOR ONLINE SERVICES**

Chandigarh, May 30: The Punjab Government has decided to run the Ghar Ghar Rozgar and Karobar Mission through digital means due to COVID pandemic. Disclosing this here today the Employment Generation and Skill Development and Training Minister Mr. Charanjit Singh Channi said that with opening up of economy and relaxation of conditions of lockdown, there is need of Employment Generation and Skill Development and Training to take a more proactive approach for facilitating employment for the benefit of both employers and

prospective employees. Keeping this in view, the Punjab Government has decided to provide services online services through DBEE's.

The Minister said that District Bureau of Employment and Enterprise of every district have created online web link for registration of educated/ semi-educated unemployed youth who are looking for job. Similarly, a link has also been created for registration of the employers also who are looking to hire employees. The jobseekers were also being reached out through education / technical institutes, CSC/ VLES, announcements through BDPOS, sarpanches, panchayat secretaries etc. Employers were being explored through support of Industries, Labour, Health, Technical Education, Cooperation, Defence Welfare Department and by contacting Industry Associations etc.

Mr. Channi further said that similarly the department is also providing online assistance regarding Self Employment to the unemployed youth in every district, where link for registration of unemployed who are looking for self-employment has been created. This link provides the facility to register the interest of the applicant in the currently live loan schemes in the district. The data of live schemes include schemes of GoI, GoP and those facilitated by the Lead Bank for the purpose of self-employment.

The Secretary Employment Generation and Skill Development and Training Mr Rahul Tiwari briefing about the online initiatives of the Employment Generation and Skill Development and Training Department said that the DBEEs have also started a mobile Helpline for Job Assistance, Career Counselling, Self Employment, Manual Registration and Queries. Such persons can call at district or Head Office helpline between 9 am to 5 pm on all Government Working Days.

He further said that the Youth/Job Seekers those are in search of Job can also register and create their profile to apply for Government as well as Private Jobs at www.pgrkam.com.

NO. I/29124/2020

----------------------

Information and Public Relations Department, Punjab

**ATMA NIRBHAR SCHEME LAUNCHED IN PUNJAB TODAY**

**MORE THAN 14 LAKH PERSONS, WHO ARE NOT BENEFICIARIES UNDER EXISTING SMART CARD SCHEME, TO BE COVERED**

**UNDER THIS SCHEME, NEEDY PERSONS/LABOUR/MIGRANT LABOURERS/REGISTERED LABOUR & BRICK KILN WORKERS TO BE COVERED**

**NO PERSON WOULD SLEEP HUNGRY IN STATE: MAMTA ASHU**

**PUNJAB GOVT COMMITTED FOR WELFARE OF PEOPLE FROM ALL SECTIONS OF SOCIETY**

Ludhiana, May 30:

Under the Atma Nirbhar Scheme, the Punjab government has decided to provide ration to those persons who are not covered under the smart card scheme of the state government. Under this scheme, more than 14.15 lakh persons would be covered in Punjab.

This scheme was formally launched on behalf of Punjab Food, Civil Supplies & Consumer Affairs Minister Mr Bharat Bhushan Ashu by his wife and MC Councillor Mrs Mamta Ashu. Ludhiana (East) MLA Mr Sanjay Talwar was the guest of honour on the occasion. ADC (Development) Mrs Amrit Singh, MC Joint

Commissioner Mrs Swati Tiwana, DFSCs Mr Sukhwinder Singh Gill and Miss Harveen Kaur were also present on the occasion.

While speaking on the occasion, Mrs Mamta Ashu said that the Punjab government has decided to provide free ration to needy persons, labourers, migrant labourers, registered labourers and brick kiln workers who are not covered under the smart card scheme of the state government. The beneficiaries would be identified by the District Administration.

Under the Atma Nirbhar scheme, each needy person would be distributed 10 kg atta, one kg pulses (daal) and one kg sugar per person. Under this scheme, along than migrant labourers, registered labourers/brick kiln workers have also been included. They said that around 14.15 lakh persons would be covered under this scheme in the state, out of which 5.86 lakh would be from district Ludhiana alone.

During the lockdown/curfew due to COVID 19 pandemic, under the Prime Minister Gareeb Kalyan Ann Yojana (PMGKAY), free ration has been provided to around 36.6 lakh ration card beneficiary families and around 1.41 crore beneficiary persons have been provided free 15 Kg wheat per member and 3 Kg pulses per family under scheme for a period of three months.

She said that the Food, Civil Supplies & Consumer Affairs Department Punjab is committed in supplying all essential commodities to the residents. She said that even ration kits containing 10 kg atta, 2 kg pulses, 2 kg sugar have also been prepared by the department and around 17 akh such kits have been distributed in different parts of the state to non smart card scheme beneficiaries and to migrant workers. Mrs Mamta Ashu said that the department is working hard to ensure that ration reaches every needy person on time and no person

sleeps hungry. She informed that in district Ludhiana alone, more than 6 lakh such kits were distributed.

She said that to ensure that the needy persons get food grains on time, the 14145 MT of wheat allocated by the Union government to state was lifted from the FCI godowns by the Punjab government in a speedy manner. She informed that Punjab is the only state of the country, that distributed atta in place of wheat so that people do not suffer, besides instead of distributing daal (pulses) per family per month, the Punjab government provided daal per person per month.

Ludhiana (East) MLA Mr Sanjay Talwar said that the Capt Amarinder Singh led Punjab government is committed for the welfare of people from all sections of society. He said that several efforts have been made to assist the public during the testing times. He also specially thanked Chief Minister Capt Amarinder Singh and Cabinet Minister Mr Bharat Bhushan Ashu for starting this scheme.

Prominent among those present on the occasion included Mr Vijay Kalsi, Mr Vipan Vinayak, besides several others.

------------------------

I/29156/2020

**ਮੁੱਖ ਮੰਤਰੀ ਦਫ਼ਤਰ, ਪੰਜਾਬ**

**ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿੱਚ ਲੌਕਡਾਊਨ 30 ਜੂਨ ਤੱਕ ਵਧਾਉਣ ਦਾ ਐਲਾਨ**

**ਸਿਹਤ ਸੁਰੱਖਿਆ ਦੇ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ 'ਤੇ ਜ਼ੋਰ**

**ਲੌਕਡਾਊਨ 5.0 ਲਈ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਾਅਦ ਹੋਰ ਢਿੱਲ ਦੇਣ ਦਾ ਐਲਾਨ**

**ਕਮਿਊਨਿਟੀ ਵਿੱਚ ਫੈਲਾਅ ਦੀਆਂ ਚਿੰਤਾਵਾਂ ਦਰਮਿਆਨ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਗਰੀਬਾਂ ਲਈ ਰਾਸ਼ਨ ਕਿੱਟਾਂ ਵਿੱਚ ਮਾਸਕ ਵੀ ਸ਼ਾਮਲ ਕਰਨ ਦੇ ਹੁਕਮ**

**ਚੰਡੀਗੜ੍ਹ, 30 ਮਈ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਲੌਕਡਾਊਨ ਨੂੰ ਚਾਰ ਹਫ਼ਤਿਆਂ ਵਧਾਉਂਦਿਆਂ 30 ਜੂਨ ਤੱਕ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕੁਝ ਹੋਰ ਢਿੱਲ ਦੇਣ ਦਾ ਐਲਾਨ ਕੀਤਾ।

ਭਾਵੇਂ ਮਾਹਿਰਾਂ ਨੇ ਪ੍ਰਾਹੁਣਚਾਰੀ ਉਦਯੋਗ ਅਤੇ ਮਾਲਜ਼ ਖੋਲ੍ਹਣ ਵਿਰੁੱਧ ਸਲਾਹ ਦਿੱਤੀ ਹੈ ਪਰ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੌਕਡਾਊਨ 5.0 ਲਈ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਲਾ ਕਦਮ ਚੁੱਕਿਆ ਜਾਵੇਗਾ।

ਮੁੱਖ ਮੰਤਰੀ ਨੇ ਅੱਜ ਕੈਬਨਿਟ ਮੰਤਰੀਆਂ ਭਾਰਤ ਭੂਸ਼ਣ ਆਸ਼ੂ, ਬਲਬੀਰ ਸਿੰਘ ਸਿੱਧੂ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਮੇਤ ਸੀਨੀਅਰ ਅਧਿਕਾਰੀਆਂ ਸਮੇਤ ਸਿਹਤ ਮਾਹਿਰਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਕੋਵਿਡ ਬਾਰੇ ਜ਼ਮੀਨੀ ਸਥਿਤੀ ਦਾ ਪਤਾ ਲਾਉਣ ਤੋਂ ਬਾਅਦ ਫੈਸਲੇ ਦਾ ਐਲਾਨ ਕੀਤਾ। ਇਹ ਕਦਮ 31 ਮਈ ਤੋਂ ਬਾਅਦ ਲੌਕਡਾਊਨ ਵਧਾਉਣ ਬਾਰੇ ਕੇਂਦਰ ਸਰਕਾਰ ਦੇ ਫੈਸਲੇ ਦੀ ਲੀਹ ’ਤੇ ਹੋਵੇਗਾ।

ਇਸ ਤੋਂ ਬਾਅਦ ਫੇਸਬੁੱਕ ਲਾਈਵ ’ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਵਿਡ ਦਾ ਖਤਰਾ ਅਜੇ ਟਲਿਆ ਨਹੀਂ ਹੈ ਅਤੇ ਜੇਕਰ ਲੋੜ ਪਈ ਤਾਂ ਉਹ ਪੰਜਾਬੀਆਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਸਖਤ ਕਦਮ ਚੁੱਕਣੇ ਜਾਰੀ ਰੱਖਣਗੇ। ਨਿਰੰਤਰ ਸੁਚੇਤ ਰਹਿਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਮਹਾਮਾਰੀ ਦੇ ਫੈਲਾਅ ਦੀ ਰੋਕਥਾਮ ਲਈ ਸੂਬਾ ਸਰਕਾਰ ਦੀ ਮਦਦ ਲਈ ਸਿਹਤ ਸੁਰੱਖਿਆ ਨਾਲ ਜੁੜੇ ਸਾਰੇ ਉਪਾਵਾਂ ਦਾ ਪਾਲਣਾ ਕਰਨ ਲਈ ਸੂਬੇ ਦੇ ਨਾਗਰਿਕਾਂ ਦੀ ਸ਼ਲਾਘਾ ਕੀਤੀ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ ਲੌਕਡਾਊਨ ਵਿੱਚ ਵਾਧਾ ਇਸ ਸ਼ਰਤ ’ਤੇ ਹੋਵੇਗਾ ਕਿ ਸਮਾਜਿਕ ਦੂਰੀ ਅਤੇ ਮਾਸਕ ਪਹਿਨਣ ਸਮੇਤ ਕੋਵਿਡ ਨਾਲ ਸਬੰਧਤ ਸੁਰੱਖਿਆ ਪ੍ਰੋਟੋਕੋਲ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਨੇ ਗਰੀਬਾਂ ਨੂੰ ਮੁਫਤ ਮਾਸਕ ਵੰਡਣ ਦੇ ਹੁਕਮ ਦਿੱਤੇ। ਉਨ੍ਹਾਂ ਨੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਲੋੜਵੰਦਾਂ ਅਤੇ ਗਰੀਬਾਂ ਜੋ ਮਾਸਕ

ਨਹੀਂ ਖਰੀਦ ਸਕਦੇ, ਨੂੰ ਰਾਸ਼ਨ ਕਿੱਟਾਂ ਦੇ ਨਾਲ ਮਾਸਕ ਵੰਡਣ ਲਈ ਤੁਰੰਤ ਲੋੜੀਂਦੇ ਕਦਮ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਵੀਡੀਓ ਕਾਨਫਰੰਸਿੰਗ ਦੌਰਾਨ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿੱਚ ਮਾਸਕ ਪਹਿਨਣ ਦੀ ਪਾਲਣਾ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਤੋਂ ਹੁਣ ਤੱਕ ਇਕ ਕਰੋੜ ਤੋਂ ਵੱਧ ਰਾਸ਼ੀ ਜੁਰਮਾਨੇ ਦੇ ਰੂਪ ਵਿੱਚ ਇਕੱਤਰ ਕੀਤੀ ਗਈ ਹੈ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਨਿਗਰਾਨੀ ਕਰਨ ਅਤੇ ਰੋਗ ਦਾ ਪਤਾ ਲਾਉਣ ਲਈ ਘਰਾਂ ਦੀ ਨਿਗਰਾਨੀ ਅਤੇ ਕੋਵਿਡ ਫੁਟ ਸੋਲਜ਼ਰ ਦੀ ਤਾਇਨਾਤੀ ਲਈ ਸੂਬਾ ਸਰਕਾਰ ਦੀਆਂ ਯੋਜਨਾਵਾਂ ਬਾਰੇ ਤਾਜ਼ਾ ਜਾਣਕਾਰੀ ਮੰਗੀ। ਇਸ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਦੇ ਪ੍ਰਮੁੱਖ ਸਕੱਤਰ ਅਨੁਰਾਗ ਅਗਰਵਾਲ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਯੋਜਨਾਵਾਂ ਨੂੰ ਅਗਲੇ ਕੁਝ ਦਿਨਾਂ ਵਿੱਚ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਿਆਂ ਵਿੱਚ ਆਸ਼ਾ ਵਰਕਰਾਂ ਅਤੇ ਭਾਈਚਾਰੇ ਦੀਆਂ ਹੋਰ ਸਥਾਨਕ ਮਹਿਲਾਵਾਂ ਨੂੰ ਘਰ-ਘਰ ਨਿਗਰਾਨੀ ਕਰਨ ਲਈ ਨਾਲ ਜੋੜਿਆ ਜਾਵੇਗਾ ਅਤੇ ਉਨ੍ਹਾਂ ਨੂੰ ਹਰੇਕ ਘਰ ਦਾ ਸਰਵੇਖਣ ਕਰਨ ਲਈ ਪ੍ਰਤੀ ਵਿਅਕਤੀ 2 ਰੁਪਏ ਅਦਾ ਕੀਤੇ ਜਾਣਗੇ। ਲੱਛਣ ਵਾਲੇ ਕੇਸਾਂ ਜਿਨ੍ਹਾਂ ਬਾਰੇ ਸਿਹਤ ਅਧਿਕਾਰੀਆਂ ਨੂੰ ਸੂਚਿਤ ਨਹੀਂ ਕੀਤਾ ਜਾ ਰਿਹਾ, ਦੀ ਟਰੇਸਿੰਗ ਅਤੇ ਟਰੈਕਿੰਗ ਲਈ ਇਕ ਐਪ ਦੀ ਇਸ ਵੇਲੇ ਫੀਲਡ ਟੈਸਟਿੰਗ ਕੀਤੀ ਜਾ ਰਹੀ ਹੈ ਅਤੇ ਅਗਲੇ 2-3 ਦਿਨਾਂ ਵਿੱਚ ਲਾਂਚ ਕੀਤੀ ਜਾਵੇਗੀ। ਸ੍ਰੀ ਅਗਰਵਾਲ ਨੇ ਦੱਸਿਆ ਕਿ ਅਜਿਹੇ ਕੇਸਾਂ ਬਾਰੇ ਸਵੈ-ਇੱਛਾ ਨਾਲ ਰਿਪੋਰਟ ਕਰਨ ਲਈ ਨੌਜਵਾਨਾਂ ਨੂੰ ਇਹ ਐਪ ਡਾਊਨਲੋਡ ਕਰਨ ਲਈ ਆਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਵਿਡ ਫੁਟ ਸੋਲਜ਼ਰਾਂ ਦੀ ਓ.ਟੀ.ਪੀ. ਜ਼ਰੀਏ ਪ੍ਰਮਾਣਿਕਤਾ ਯਕੀਨੀ ਬਣਾਈ ਜਾਵੇਗੀ ਤਾਂ ਕਿ ਗਲਤ ਸੂਚਨਾ ਨੂੰ ਰੋਕਿਆ ਜਾ ਸਕੇ।

ਬਾਅਦ ਵਿੱਚ ਫੇਸਬੁੱਕ ਸੈਸ਼ਨ ਜ਼ਰੀਏ ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਬਾਹਰੋਂ ਆਉਣ ਵਾਲਿਆਂ ਖਾਸ ਕਰਕੇ ਵਿਦੇਸ਼ਾਂ ਤੋਂ ਪਰਤਣ ਵਾਲਿਆਂ ਵੱਲੋਂ ਸਿਹਤ ਅਧਿਕਾਰੀਆਂ ਨੂੰ ਸੂਚਿਤ ਨਾ ਕਰਨਾ ਇਕ ਵੱਡੀ ਚੁਣੌਤੀ ਹੈ ਕਿਉਂ ਜੋ ਇਸ ਨਾਲ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲਿਆਂ ਨੂੰ ਲੱਭਣਾ ਔਖਾ ਹੋ ਜਾਂਦਾ ਅਤੇ ਬਾਕੀਆਂ ਦੀ ਜਾਨ ਵੀ ਜ਼ੋਖਮ ਵਿੱਚ ਪੈਂਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਰੋਜ਼ਾਨਾ ਦੇ ਕੇਸਾਂ ਵਿੱਚ ਸੁਮੱਚੇ ਤੌਰ 'ਤੇ ਕਮੀ ਆਈ ਹੈ ਅਤੇ ਹੁਣ ਤੱਕ 2158 ਕੇਸ ਪਾਜ਼ੇਟਿਵ ਆਏ ਹਨ ਜਿਨ੍ਹਾਂ ਵਿੱਚੋਂ 1946 ਵਿਅਕਤੀ ਸਿਹਤਯਾਬ ਹੋ ਗਏ ਹਨ ਪਰ ਪਿਛਲੇ ਕੁਝ ਦਿਨਾਂ ਵਿੱਚ ਨਵੇਂ ਕੇਸਾਂ ਸਾਹਮਣੇ

ਆਉਣੇ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਵੱਲੋਂ ਕੀਤੀ ਜਾ ਰਹੀ ਮੈਡੀਕਲ ਜਾਂਚ ਤੋਂ ਬਿਨਾਂ ਵਾਪਸੀ ਕਰਨ ਵਾਲਿਆਂ ਬਾਰੇ ਸੂਚਿਤ ਕਰਨ ਦੀ ਅਪੀਲ ਕੀਤੀ।

ਮੁੱਖ ਸਕੱਤਰ ਕਰਨ ਅਵਤਾਰ ਸਿੰਘ ਵੱਲੋਂ ਵੀਡੀਓ ਕਾਨਫਰੰਸ ਦੌਰਾਨ ਮੁੱਖ ਮੰਤਰੀ ਨੂੰ ਕੋਵਿਡ ਨੂੰ ਫੈਲਣ ਤੋਂ ਰੋਕਣ ਲਈ ਹੋਰ ਸੂਬਿਆਂ ਤੋਂ ਲੋਕਾਂ ਦੇ ਵੱਡੀ ਗਿਣਤੀ ਵਿੱਚ ਆਉਣ ਨੂੰ ਧਿਆਨ ਹੇਠ ਰੱਖਦਿਆਂ ਹਵਾਈ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਉੱਪਰ ਕੀਤੀ ਜਾ ਰਹੇ ਟੈਸਟਾਂ/ਸਕਰੀਨਿੰਗ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸੂਬੇ ਨੂੰ ਆਉਣ ਵਾਲੇ ਸਾਰੇ ਲੋਕਾਂ ਦੀ ਸਕਰੀਨਿੰਗ ਕਰਨ ਦੇ ਨਾਲ-ਨਾਲ ਘਰਾਂ ਅੰਦਰ 14 ਦਿਨ ਦਾ ਇਕਾਂਤਵਾਸ ਲਾਜ਼ਮੀ ਕੀਤਾ ਗਿਆ, ਇਸ ਦੇ ਨਾਲ ਹੀ ਹਵਾਈ ਅਡਿਆਂ ਅਤੇ ਰੇਲਵੇ ਸਟੇਸ਼ਨਾਂ ਉੱਪਰ ਟੈਸਟਿੰਗ ਸੁਵਿਧਾ ਉਪਲੱਬਧ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵੱਲੋਂ ਕੋਵਾ ਐਪ ਡਾਊਨਲੋਡ ਨਹੀਂ ਕੀਤਾ ਗਿਆ ਉਨ੍ਹਾਂ ਵੱਲੋਂ ਰੇਲ ਸਫਰ ਦੌਰਾਨ ਹੀ ਘੋਸ਼ਣਾ ਫਾਰਮ ਭਰਕੇ ਸਟੇਸ਼ਨਾਂ ‘ਤੇ ਸੌਂਪ ਦਿੱਤੇ ਜਾਂਦੇ ਹਨ।

ਸਿਹਤ ਸਬੰਧੀ ਸਾਰੇ ਨਿਯਮਾਂ ਨੂੰ ਸਖਤੀ ਨਾਲ ਲਾਗੂ ਕੀਤੇ ਜਾਣ ‘ਤੇ ਜ਼ੋਰ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਫੇਸਬੁੱਕ ਸੈਸ਼ਨ ਦੌਰਾਨ ਕਿਹਾ ਕਿ 17 ਮਈ ਤੋਂ 28 ਮਈ ਤੱਕ ਮਹਿਜ਼ 11 ਦਿਨਾਂ ਅੰਦਰ 36,820 ਵਿਅਕਤੀਆਂ ਨੂੰ ਮਾਸਕ ਨਾ ਪਹਿਨਣ ਅਤੇ 4032 ਲੋਕਾਂ ਨੂੰ ਜਨਤਕ ਤੌਰ ‘ਤੇ ਥੁੱਕਣ ਬਦਲੇ ਜ਼ੁਰਮਾਨੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੇਵਲ ਲੰਘੇ 24 ਘੰਟਿਆਂ ਦੌਰਾਨ 6061 ਲੋਕਾਂ ਨੂੰ ਮਾਸਕ ਨਾ ਪਹਿਨਣ ਲਈ ਜ਼ੁਰਮਾਨੇ ਕੀਤੇ ਗਏ ਹਨ ਅਤੇ ਇਸ ਸਮੇਂ ਦੌਰਾਨ ਨਿਯਮਾਂ ਦੀ ਉਲੰਘਣਾਂ ਦੇ ਮਾਮਲਿਆਂ ਵਿੱਚ 503 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਕਮਿਊਨਿਟੀ ਪੱਧਰ ‘ਤੇ ਕੋਵਿਡ ਦੇ ਫੈਲਾਓ ਦੀਆਂ ਸੰਭਾਵਨਾਵਾਂ ਦੇ ਪ੍ਰਸੰਗ ਵਿੱਚ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਖਤਰਾ ਹੈ ਜਿਸਦਾ ਅਸੀਂ ਸਾਹਮਣਾ ਕਰ ਰਹੇ ਹਾਂ ਅਤੇ ਖੁੱਲ੍ਹਾਂ ਬਾਰੇ ਫੈਸਲੇ ਦੌਰਾਨ ਇਸ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਿਆ ਜਾਵੇਗਾ। ਅੰਮ੍ਰਿਤਸਰ ਵਿੱਚ ਕੇਸਾਂ ਬਾਰੇ ਇਕ ਵਸਨੀਕ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਬੀਤੇ ਕੱਲ ਰਿਪੋਰਟ ਹੋਏ 7 ਕੇਸਾਂ ਵਿਚੋਂ 6 ਸੰਪਰਕ ਨਾਲ ਸਬੰਧਤ ਕੇਸ ਸਨ।

ਰੈਪਿਡ ਟੈਸਟਿੰਗ ਕਿੱਟਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਹੜੀਆਂ ਕਿੱਟਾਂ ਚੀਨ ਅਤੇ ਦੱਖਣੀ ਕੋਰੀਆਂ ਤੋਂ ਆਈਆਂ ਸਨ ਉਹ ਨੁਕਸਦਾਰ ਹੋਣ ਕਾਰਨ ਵਾਪਸ ਕਰ ਦਿੱਤੀਆਂ ਗਈਆਂ ਸਨ।

ਦੁਬਈ ਵਾਸੀ ਜੋ ਚੰਡੀਗੜ੍ਹ ਆਉਣਾ ਚਾਹੁੰਦਾ ਹੈ, ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਦੁਬਈ ਤੋਂ ਰੋਜ਼ਾਨਾਂ ਤਿੰਨ ਫਲਾਈਟਾਂ ਦੇ ਨਾਲ-ਨਾਲ ਹੋਰ ਫਲਾਈਟਾਂ ਮੁੜ ਸ਼ੁਰੂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਮ ਫਲਾਈਟਾਂ ਹਾਲੇ ਸ਼ੁਰੂ ਨਹੀਂ ਹੋਈਆਂ ਅਤੇ ਉਨ੍ਹਾਂ ਸਵਾਲ ਪੁੱਛਣ ਵਾਲੇ ਵਿਅਕਤੀ ਨੂੰ ਭਾਰਤੀ ਅੰਬੈਸੀ ਦੇ ਦਫਤਰ ਨਾਲ ਸੰਪਰਕ ਵਿੱਚ ਰਹਿਣ ਲਈ ਆਖਿਆ।

ਇਕ ਸਵਾਲ ਕਰਤਾ ਨੂੰ ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਨਿੱਜੀ ਬੱਸਾਂ ਨੂੰ ਪਿੰਡਾਂ ਵਿੱਚ ਚਲਾਏ ਜਾਣ ਤੋਂ ਨਹੀਂ ਰੋਕਿਆ ਗਿਆ ਅਤੇ ਇਸ ਸਬੰਧੀ ਫੈਸਲਾ ਨਿੱਜੀ ਬੱਸ ਚਲਾਉਣ ਵਾਲਿਆਂ ਵੱਲੋਂ ਕੀਤਾ ਜਾਣਾ ਹੈ।

ਲੌਕਡਾਊਨ ਦੌਰਾਨ ਨਕਲੀ ਸ਼ਰਾਬ ਸਬੰਧੀ ਕੀਤੀ ਗਈ ਛਾਪਾਮਾਰੀ ਬਾਰੇ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਬੰਧੀ 97 ਭੱਠੀਆਂ ਸੀਲ ਕੀਤੀਆਂ ਗਈਆਂ, 1729 ਮਾਮਲੇ ਦਰਜ ਕੀਤੇ ਗਏ ਅਤੇ 1360 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਸ਼ਰਾਬ ਦੀ ਤਸਕਰੀ ਕਰਨ ਦਾ ਯਤਨ ਕਰਨ ਵਾਲਿਆਂ ਖਿਲਾਫ ਵੀ ਸਖਤ ਕਾਰਵਾਈ ਕਰ ਰਹੀ ਹੈ।

ਮੁੱਖ ਮੰਤਰੀ ਵੱਲੋਂ ਇਸ ਵਰ੍ਹੇ ਇਕ ਹੋਰ ਭਰਪੂਰ ਫਸਲ ਦੇਣ ਲਈ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ 128 ਲੱਖ ਮੀਟਰਿਕ ਟਨ ਕਣਕ ਦੀ ਖ੍ਰੀਦ ਨਾਲ ਕਰੀਬ 23000 ਕਰੋੜ ਰੁਪਏ ਪੇਂਡੂ ਆਰਥਿਕਤਾ ਦੀ ਚਲਾਈ ਲਈ ਉਪਲੱਬਧ ਹੋਏ ਹਨ।

ਟਿੱਡੀ ਦਲ ਦੇ ਖਤਰੇ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਨਾਲ ਲੱਗਦੇ 7 ਜ਼ਿਲਿਆਂ ਵਿੱਚ ਇਸ ਦੀ ਰੋਕਥਾਮ ਲਈ ਮੁਕੰਮਲ ਇੰਤਜ਼ਾਮ ਕੀਤੇ ਜਾ ਚੁੱਕੇ ਹਨ।

ਸਕੂਲਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਸਬੰਧੀ ਇਕ ਲੁਧਿਆਣਾ ਵਾਸੀ ਵੱਲੋਂ ਕੀਤੀ ਸ਼ਿਕਾਇਤ ਸਬੰਧੀ ਮੁੱਖ ਮੰਤਰੀ ਵੱਲੋਂ ਡਿਪਟੀ ਕਮਿਸ਼ਨਰ ਨੂੰ ਅਜਿਹੇ ਸਕੂਲਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਆਖਿਆ ਗਿਆ।

ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਹ ਜਾਣਕੇ ਖੁਸ਼ ਹਨ ਕਿ ਸੂਬੇ ਅੰਦਰ 85 ਫੀਸਦ ਉਦਯੋਗਿਕ ਯੂਨਿਟਾਂ ਵੱਲੋਂ 65 ਫੀਸਦ ਕਿਰਤੀਆਂ ਦੀ ਸ਼ਮੂਲੀਅਤ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ । ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਕੁਆਰਕ ਸਮੇਤ ਕਈ ਅੰਤਰ-ਰਾਸ਼ਟਰੀ ਆਈ.ਟੀ ਫਰਮਾਂ ਨੂੰ ਮੋਹਾਲੀ ਵਿਖੇ ਸਥਾਪਤੀ ਲਈ ਸਹੂਲਤ ਦਿੱਤੀ ਜਾ ਰਹੀ ਅਤੇ ਹਾਲਾਤਾਂ ਵਿੱਚ ਸੁਧਾਰ ਹੋਣ ਨਾਲ ਵੱਡੀ ਗਿਣਤੀ ਹੋਰ ਕੰਪਨੀਆਂ ਪੰਜਾਬ ਆਉਣਗੀਆਂ।

ਹੋਰ ਵਾਧੂ ਕਰਜ਼ ਲੈਣ ਸਬੰਧੀ ਕੇਂਦਰ ਦੀਆਂ ਸ਼ਰਤਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੰਘੀ ਢਾਂਚੇ ਅੰਦਰ ਆਪਣੇ ਲੋਕਾਂ ਦੀ ਆਰਥਿਕ ਤਰੱਕੀ ਲਈ ਸੂਬੇ ਦੀ ਜ਼ਿੰਮੇਵਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ , ਅਸੀਂ ਆਪਣੇ ਲੋਕਾਂ ਦੀਆਂ ਆਰਥਿਕ ਜ਼ਰੂਰਤਾਂ ਲਈ ਜ਼ਿੰਮੇਵਾਰ ਹਾਂ ਅਤੇ ਕੇਂਦਰ ਨੂੰ ਸੰਘੀ ਢਾਂਚੇ ਦੀ ਭਾਵਨਾਂ ਤਹਿਤ ਅਜਿਹੀਆਂ ਸ਼ਰਤਾਂ ਨੂੰ ਹਟਾਉਣਾ ਚਾਹੀਦਾ ਹੈ।

-----------

ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

-ਨੋਵੇਲ ਕੋਰੋਨਾ ਵਾਇਰਸ (ਕੋਵਿਡ 19)-

**ਪੰਜਾਬ ਵਿੱਚ ਆਤਮ ਨਿਰਭਰ ਯੋਜਨਾ ਦੀ ਸ਼ੁਰੂਆਤ**

-ਸੂਬੇ ਦੇ 14 ਲੱਖ ਗੈਰ ਸਮਾਰਟ ਰਾਸ਼ਨ ਧਾਰਕਾਂ ਨੂੰ ਵੀ ਮਿਲ ਸਕੇਗਾ ਮੁਫ਼ਤ ਰਾਸ਼ਨ

-ਯੋਜਨਾ ਅਧੀਨ ਲੋੜਵੰਦ ਵਿਅਕਤੀ/ਲੇਬਰ/ਪ੍ਰਵਾਸੀ ਮਜ਼ਦੂਰ/ਰਜਿਸਟਰਡ ਕਾਮੇ ਅਤੇ ਭੱਠਾ ਮਜ਼ਦੂਰਾਂ ਨੂੰ ਕੀਤਾ ਜਾਵੇਗਾ ਕਵਰ

-ਸੂਬੇ ਵਿੱਚ ਕਿਸੇ ਨੂੰ ਵੀ ਭੁੱਖਾ ਨਹੀਂ ਸੌਣ ਦਿੱਤਾ ਜਾਵੇਗਾ-ਮਮਤਾ ਆਸ਼ੂ

-ਪੰਜਾਬ ਸਰਕਾਰ ਦੇ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ-ਵਿਧਾਇਕ ਤਲਵਾੜ

ਲੁਧਿਆਣਾ, 30 ਮਈ (000)-ਕੋਵਿਡ 19 ਮਹਾਂਮਾਰੀ ਦੇ ਚੱਲਦਿਆਂ ਗੈਰ-ਸਮਾਰਟ ਕਾਰਡ ਧਾਰਕਾਂ ਨੂੰ ਮੁਫ਼ਤ ਰਾਸ਼ਨ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਵੱਲੋਂ 'ਆਤਮ ਨਿਰਭਰ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਸੂਬੇ ਦੇ 14.15 ਲੋਕਾਂ ਨੂੰ ਕਵਰ ਕੀਤਾ ਜਾਵੇਗਾ। ਇਸ ਯੋਜਨਾ ਦਾ ਆਗਾਜ਼ ਅੱਜ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਦੇ ਕੈਬਨਿਟ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਦੀ ਤਰਫੋਂ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਮਮਤਾ ਆਸ਼ੂ ਨੇ ਲੁਧਿਆਣਾ ਵਿਖੇ ਕੀਤਾ। ਲੁਧਿਆਣਾ (ਪੂਰਬੀ) ਹਲਕੇ ਦੇ ਵਿਧਾਇਕ ਸ੍ਰੀ ਸੰਜੀਵ ਤਲਵਾੜ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵ) ਸ੍ਰੀਮਤੀ ਅੰਮ੍ਰਿਤ ਸਿੰਘ ਅਤੇ ਨਗਰ ਨਿਗਮ ਦੀ ਸੰਯੁਕਤ ਕਮਿਸ਼ਨਰ ਸ੍ਰੀਮਤੀ ਸਵਾਤੀ ਟਿਵਾਣਾ, ਸ੍ਰ. ਸੁਖਵਿੰਦਰ ਸਿੰਘ ਗਿੱਲ ਤੇ ਮਿਸ ਹਰਵੀਨ ਕੌਰ (ਦੋਵੇਂ ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਕੰਟਰੋਲਰ) ਅਤੇ ਹੋਰ ਵੀ ਹਾਜ਼ਰ ਸਨ।

ਸੰਖੇਪ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਆਸ਼ੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਤਮ ਨਿਰਭਰ ਸਕੀਮ ਤਹਿਤ ਅਜਿਹੇ ਲੋੜਵੰਦ ਵਿਅਕਤੀ/ਲੇਬਰ/ਪ੍ਰਵਾਸੀ ਮਜ਼ਦੂਰਾਂ ਨੂੰ ਵੀ ਮੁਫਤ ਰਾਸ਼ਨ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜੋ ਸਮਾਰਟ ਰਾਸ਼ਨ ਕਾਰਡ ਧਾਰਕ ਨਹੀਂ ਹਨ।ਇਨ੍ਹਾਂ ਵਿਅਕਤੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਆਤਮ ਨਿਰਭਰ ਸਕੀਮ ਅਧੀਨ ਇਨ੍ਹਾਂ ਲੋੜਵੰਦਾਂ ਨੂੰ 10 ਕਿਲੋ ਆਟਾ, ਇੱਕ ਕਿਲੋ ਦਾਲ, ਇੱਕ ਕਿਲੋ ਖੰਡ ਪ੍ਰਤੀ ਜੀਅ ਮੁਹੱਈਆ ਕਰਵਾਈ

ਜਾਵੇਗੀ।ਇਸ ਸਕੀਮ ਅਧੀਨ ਪ੍ਰਵਾਸੀ ਮਜ਼ਦੂਰਾਂ ਤੋਂ ਇਲਾਵਾ ਰਜਿਸਟਰਡ ਕਾਮੇ/ਭੱਠਿਆਂ 'ਤੇ ਕੰਮ ਕਰਦੇ ਮਜ਼ਦੂਰ ਵੀ ਸ਼ਾਮਿਲ ਕੀਤੇ ਗਏ ਹਨ।ਜਿੱਥੇ ਸਾਰੇ ਪੰਜਾਬ ਵਿੱਚ ਲਗਭਗ 14.15 ਲੱਖ ਲੋੜਵੰਦ ਇਸ ਸਕੀਮ ਅਧੀਨ ਕਵਰ ਕੀਤੇ ਜਾਣੇ ਹਨ, ਉੱਥੇ ਹੀ ਲੁਧਿਆਣਾ ਸ਼ਹਿਰ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਬਹੁਤਾਤ ਹੋਣ ਕਰਕੇ ਜ਼ਿਲ੍ਹਾ ਲੁਧਿਆਣਾ ਵਿੱਚ ਲਗਭਗ 5.86 ਲੱਖ ਮਜ਼ਦੂਰਾਂ ਨੂੰ ਇਸ ਸਕੀਮ ਅਧੀਨ ਕਵਰ ਕੀਤਾ ਜਾਵੇਗਾ।

ਸਰਕਾਰ ਵੱਲੋਂ ਕੋਵਿਡ 19 ਮਹਾਂਮਾਰੀ ਦੌਰਾਨ ਰਾਜ ਵਿੱਚ ਲੱਗੇ ਲਾਕਡਾਊਨ/ਕਰਫਿਊ ਵਿੱਚ ਲਗਭਗ 36.6 ਲੱਖ ਰਾਸ਼ਨ ਕਾਰਡ ਧਾਰਕ ਪਰਿਵਾਰਾਂ ਦੇ ਕਰੀਬ 1.41 ਕਰੋੜ ਲੋਕਾਂ ਨੂੰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ 15 ਕਿਲੋ ਕਣਕ ਪ੍ਰਤੀ ਜੀਅ ਅਤੇ 3 ਕਿਲੋ ਦਾਲ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ 3 ਮਹੀਨੇ ਦਾ ਮੁਫਤ ਰਾਸ਼ਨ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਖੁਰਾਕ ਸਪਲਾਈ ਵਿਭਾਗ ਵੱਲੋਂ ਲੋਕਾਂ ਤੱਕ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ ਰਾਸ਼ਨ ਪਹੁੰਚਾਉਣ ਲਈ ਦਿਨ ਰਾਤ ਕੰਮ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਖੁਰਾਕ ਸਪਲਾਈ ਵਿਭਾਗ ਵੱਲੋਂ 10 ਕਿਲੋ ਆਟਾ, 2 ਕਿਲੋ ਦਾਲ, 2 ਕਿਲੋ ਖੰਡ ਦੀਆਂ ਰਾਸ਼ਨ ਕਿੱਟਾਂ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਲਗਭਗ 17 ਲੱਖ ਤੋਂ ਵੱਧ ਅਜਿਹੀਆਂ ਰਾਸ਼ਨ ਕਿੱਟਾਂ ਤਿਆਰ ਕਰਕੇ ਸੂਬੇ ਭਰ ਰਹਿ ਰਹੇ ਗੈਰ ਸਮਾਰਟ ਕਾਰਡ ਧਾਰਕਾਂ ਅਤੇ ਪ੍ਰਵਾਸੀ ਮਜ਼ਦੂਰਾਂ ਵਿੱਚ ਵੰਡੀਆਂ ਜਾ ਚੁੱਕੀਆਂ ਹਨ ਅਤੇ ਇਹ ਕੰਮ ਲਗਾਤਾਰ ਜਾਰੀ ਹੈ, ਤਾਂ ਜੋ ਕੋਈ ਵੀ ਵਿਅਕਤੀ ਭੁੱਖਾ ਨਾ ਰਹੇ।ਇਕੱਲੇ ਜ਼ਿਲ੍ਹਾ ਲੁਧਿਆਣਾ ਵਿੱਚ 6 ਲੱਖ ਫੂਡ ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਦੱਸਿਆ ਕਿ ਸੂਬੇ ਦੇ ਲੋੜਵੰਦ ਲੋਕਾਂ ਨੂੰ ਅਨਾਜ ਸਮੇਂ ਸਿਰ ਪੁੱਜਦਾ ਕਰਨ ਲਈ ਰਾਜ ਸਰਕਾਰ ਨੇ ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਅਲਾਟ 14145 ਮੀਟ੍ਰਿਕ ਟਨ ਕਣਕ ਦੀ ਚੁਕਾਈ ਐਫ.ਸੀ.ਆਈ. ਦੇ ਗੁਦਾਮਾਂ ਤੋਂ ਬਹੁਤ ਤੇਜ਼ੀ ਨਾਲ ਕੀਤੀ ਗਈ। ਪੰਜਾਬ ਦੇਸ਼ ਦਾ ਇਕੱਲਾ ਅਜਿਹਾ ਰਾਜ ਹੈ, ਜਿਸ ਨੇ ਲਾਕਡਾਊਨ ਕਾਰਨ ਬੰਦ ਚੱਕੀਆਂ ਨੂੰ ਦੇਖਦੇ ਹੋਏ ਲੋਕਾਂ ਦੀਆਂ ਮੁਸ਼ਕਿਲਾਂ ਘਟਾਉਣ ਲਈ ਕਣਕ ਪਿਸਾ ਕੇ ਆਟਾ ਵੰਡਿਆ ਹੈ ਅਤੇ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਦਾਲ ਦੇਣ ਦੀ ਥਾਂ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਦਾਲ ਦਿੱਤੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਸੰਜੀਵ ਤਲਵਾੜ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰੇਕ ਵਰਗ ਦੇ ਲੋਕਾਂ ਦੀ ਭਲਾਈ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਔਖੀ ਘੜੀ ਵਿੱਚ ਲੋਕਾਂ ਦਾ ਹਰ ਪੱਖੋਂ ਸਹਿਯੋਗ ਕੀਤਾ ਜਾ ਰਿਹਾ ਹੈ, ਜੋ ਕਿ ਸਥਿਤੀ ਆਮ ਵਾਂਗ ਹੋਣ ਤੱਕ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਇਹ ਯੋਜਨਾ ਲਾਗੂ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ੍ਰੀ ਭਾਰਤ ਭੂਸ਼ਣ ਆਸ਼ੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ ਉਕਤ ਤੋਂ ਇਲਾਵਾ ਸ੍ਰੀ ਵਿਜੇ ਕਲਸੀ ਵਾਰਡ ਇੰਚਾਰਜ, ਵਿਪਨ ਵਿਨਾਇਕ, ਸੁਖਦੇਵ ਬਾਵਾ, ਵਰਿੰਦਰ ਸਹਿਗਲ, ਜਗਦੀਸ਼ ਲਾਲ, ਮੋਨੂੰ ਖਿੰਦਾ, ਹਰਜਿੰਦਰਪਾਲ ਸਿੰਘ ਲਾਲੀ, ਹੈਪੀ ਰੰਧਾਵਾ, ਨਰੇਸ਼ ਉੱਪਲ, ਸਰਬੱਜੀਤ ਸਿੰਘ, ਕੰਚਨ ਮਲਹੋਤਰਾ, ਉਮੇਸ਼ ਸ਼ਰਮਾ, ਸੰਜੀਵਨ ਸ਼ਰਮਾ, ਵਨੀਤ ਭਾਟੀਆ, ਦੀਪਕ ਉਪਲ, ਗੌਰਵ ਭੱਟੀ, ਰਾਜੂ ਅਰੋੜਾ, ਕਵਲਜੀਤ ਸਿੰਘ ਬੌਬੀ, ਕਪਿਲ ਮਹਿਤਾ, ਰਾਜਨ ਟੰਡਨ, ਇੰਦਰਪ੍ਰੀਤ ਸਿੰਘ ਰੂਬਲ, ਮਨੋਜ ਪਾਠਕ, ਪਰਵੀਨ ਸੂਦ, ਰਾਜੂ

ਸ਼ਰਮਾ, ਲੱਕੀ ਮੱਕੜ, ਰਿੱਕੀ ਮਲਹੋਤਰਾ, ਵਿੱਕੀ ਬਾਂਸਲ, ਅਮਨ ਮੌਂਗਾ, ਬਲਵਿੰਦਰ ਰੰਧਾਵਾ, ਅੰਕਿਤ ਮਲਹੋਤਰਾ, ਸੰਨੀ ਪਹੂਜਾ ਅਤੇ ਸਨੀ ਸਹਿਗਲ ਅਤੇ ਹੋਰ ਹਾਜ਼ਰ ਸਨ।

---------------------

ਸੂਚਨਾ ਤੇ ਲੋਕ ਸੰਪਰਕ ਵਿਭਾਗ,ਪੰਜਾਬ

